# ਅੰਤਰਰਾਸ਼ਟਰੀ ਵਿਦਿਆਰਥੀ

ਇਹ ਜਾਣਕਾਰੀ ਵਿਦਿਆਰਥੀ (ਉਪ-ਸ਼੍ਰੇਣੀ 500) ਜਾਂ ਅਸਥਾਈ ਗ੍ਰੈਜੂਏਟ (ਉਪ-ਸ਼੍ਰੇਣੀ 485) ਵੀਜ਼ਾ ਧਾਰਕਾਂ ਲਈ ਹੈ।

## ਨਵੇਂ ਵਿਦਿਆਰਥੀ ਵੀਜ਼ੇ ਲਈ ਅਰਜ਼ੀ ਦੇਣਾ

COVID-19 ਦੇ ਕਾਰਨ ਵੀਜ਼ੇ ਦੀ ਕਾਰਵਾਈ ਦੇ ਕੁਝ ਸਮਿਆਂ ਉੱਤੇ ਪ੍ਰਭਾਵ ਪਿਆ ਹੈ। ਅਰਜ਼ੀਆਂ ਨੂੰ ਅੰਤਿਮ ਰੂਪ ਦੇਣ ਵਿੱਚ ਵਧੇਰੇ ਸਮਾਂ ਲੱਗ ਸਕਦਾ ਹੈ।

ਪੂਰੀ ਭਰੀ ਹੋਈ ਅਰਜ਼ੀ ਇਸ ਨੂੰ ਤੇਜ਼ੀ ਨਾਲ ਕਾਰਵਾਈ ਕਰਨ ਦੇ ਯੋਗ ਬਣਾਵੇਗੀ। ਅਸੀਂ ਵਿਦਿਆਰਥੀਆਂ ਨੂੰ ਘਰੇਲੂ ਮਾਮਲਿਆਂ ਦੇ ਵਿਭਾਗ ਨੂੰ ਵਿਦਿਆਰਥੀ ਵੀਜ਼ੇ ਦੀਆਂ ਪੂਰੀਆਂ ਭਰੀਆਂ ਅਰਜ਼ੀਆਂ ਪ੍ਰਦਾਨ ਕਰਾਉਣ ਲਈ ਉਤਸ਼ਾਹਤ ਕਰਦੇ ਹਾਂ। ਲੋੜਾਂ ਦੀ ਜਾਂਚ ਕਰਨ ਲਈ, ਵਿਦਿਆਰਥੀ ਦਸਤਾਵੇਜ਼ ਜਾਂਚ-ਸੂਚੀ ਵਾਲੇ ਸੰਦ ਦੀ ਵਰਤੋਂ ਕਰ ਸਕਦੇ ਹਨ।

ਵਧੇਰੇ ਜਾਣਕਾਰੀ ਲਈ ਗਲੋਬਲ ਵੀਜ਼ਾ ਕਾਰਵਾਈ ਦੇ ਸਮੇਂ ਵੇਖੋ।

## ਵਿਦਿਆਰਥੀ ਵੀਜ਼ਾ ਫੀਸ ਛੋਟ

ਤੁਹਾਡੇ ਕੋਲ 1 ਫਰਵਰੀ 2020 ਨੂੰ ਜਾਂ ਇਸ ਤੋਂ ਬਾਅਦ ਵਿਦਿਆਰਥੀ ਵੀਜ਼ਾ ਸੀ ਅਤੇ COVID-19 ਦੇ ਪ੍ਰਭਾਵਾਂ ਕਰਕੇ ਮੂਲ ਵੀਜ਼ੇ ਦੀ ਮਿਆਦ ਦੇ ਅੰਦਰ ਆਪਣਾ ਕੋਰਸ ਪੂਰਾ ਨਹੀਂ ਕਰ ਸਕੇ, ਜੇ ਤੁਸੀਂ ਵਿਦਿਆਰਥੀ ਵੀਜ਼ੇ ਲਈ ਹੋਰ ਅਰਜ਼ੀ ਪਾਉਂਦੇ ਹੋ ਤਾਂ ਅਸੀਂ ਵੀਜ਼ੇ ਦੀ ਅਰਜ਼ੀ ਫੀਸ ਨੂੰ ਮੁਆਫ ਕਰਾਂਗੇ। ਇਸ ਵਿੱਚ ਸ਼ਾਮਲ ਹਨ ਜੇ ਤੁਸੀਂ:

- ਆਪਣੀ ਪੜ੍ਹਾਈ ਨੂੰ ਮੁਲਤਵੀ ਕਰ ਦਿੱਤਾ ਸੀ ਕਿਉਂਕਿ ਯਾਤਰਾ ਦੀਆਂ ਪਾਬੰਦੀਆਂ ਕਰਕੇ ਤੁਸੀਂ ਆਸਟ੍ਰੇਲੀਆ ਵਿੱਚ ਦਾਖਲ ਨਹੀਂ ਹੋ ਸਕੇ ਸੀ
- ਜੋ ਪੂਰੇ ਸਮੇਂ ਦੀ ਪੜ੍ਹਾਈ ਨੂੰ ਘਟਾ ਕੇ ਥੋੜ੍ਹੇ ਸਮੇਂ ਦੀ ਪੜ੍ਹਾਈ ਕਰਨ ਲਈ ਮਜਬੂਰ ਹੋ ਗਏ ਸਨ
- ਆਪਣੀ ਕੰਮ-ਆਧਾਰਿਤ ਸਿਖਲਾਈ ਜਾਂ ਸਿਖਲਾਈ ਵਾਲੀਆਂ ਨੌਕਰੀਆਂ ਨੂੰ ਪੂਰਾ ਨਹੀਂ ਕਰ ਸਕੇ ਸੀ।

ਇਹ ਉਪਾਅ ਉਹਨਾਂ ਵਿਦਿਆਰਥੀਆਂ ਵਾਸਤੇ ਨਹੀਂ ਹੈ ਜੋ ਸਾਧਾਰਣ ਕਾਰਣਾਂ ਕਰਕੇ ਨਵੇਂ ਵਿਦਿਆਰਥੀ ਵੀਜ਼ੇ ਵਾਸਤੇ ਅਰਜ਼ੀ ਦੇ ਰਹੇ ਹਨ (ਸਮੇਤ ਇਸ ਦੇ ਕਿ ਜੇ ਤੁਸੀਂ ਕਿਸੇ ਕੋਰਸ ਜਾਂ ਪੜ੍ਹਾਈ ਦੇ ਇਕ ਵਿਸ਼ੇ ਵਿੱਚ ਫੇਲ੍ਹ ਹੋ ਗਏ ਹੋ, ਨਿੱਜੀ ਕਾਰਣਾਂ ਕਰਕੇ ਮੁਲਤਵੀ ਕੀਤਾ ਹੈ ਜਾਂ ਆਪਣੀ ਮਰਜ਼ੀ ਨਾਲ ਆਪਣੀ ਪੜ੍ਹਾਈ ਦੇ ਭਾਰ ਨੂੰ ਘੱਟ ਕੀਤਾ ਹੈ।)

ਤੁਹਾਨੂੰ ਲਾਜ਼ਮੀ ਤੌਰ ਤੇ ਵਿਦਿਆਰਥੀ ਵੀਜ਼ੇ ਵਾਸਤੇ ਅਰਜ਼ੀ ਦੇਣੀ ਚਾਹੀਦੀ ਹੈ ਤਾਂ ਜੋ ਫੀਸ ਵਿੱਚ ਛੋਟ ਦੀ ਤੁਹਾਡੀ ਅਰਜ਼ੀ ਉੱਤੇ ਵਿਚਾਰ ਕੀਤਾ ਜਾ ਸਕੇ ਅਤੇ ਆਪਣੇ ਸਿੱਖਿਆ ਪ੍ਰਦਾਤੇ ਦੁਆਰਾ ਪੂਰੇ ਕੀਤੇ ਫਾਰਮ 1545 COVID-19 ਪ੍ਰਭਾਵਿਤ ਵਿਦਿਆਰਥੀ (228 KB PDF) ਨੂੰ ਨਾਲ ਨੱਥੀ ਕਰੋ।

ਜੇ ਤੁਸੀਂ ਫੀਸ ਦੀ ਛੋਟ ਵਾਸਤੇ ਅਰਜ਼ੀ ਆਸਟ੍ਰੇਲੀਆ ਦੇ ਅੰਦਰ ਦਿੱਤੀ ਹੈ, ਤਾਂ ਬ੍ਰਿਜਿੰਗ ਵੀਜ਼ਾ ਆਪਣੇ ਆਪ ਜਾਰੀ ਨਹੀਂ ਕੀਤਾ ਜਾਵੇਗਾ ਕਿਉਂਕਿ ਫੀਸ ਵਿੱਚ ਛੋਟ ਦੀ ਪਹਿਲਾਂ ਜਾਂਚ ਕੀਤੀ ਜਾਣੀ ਲਾਜ਼ਮੀ ਹੈ।

ਇਹ ਛੋਟ ਕੇਵਲ ਵੀਜ਼ੇ ਦੀ ਅਰਜ਼ੀ ਦੀ ਲਾਗਤ (VAC) ਉੱਤੇ ਲਾਗੂ ਹੁੰਦੀ ਹੈ।

ਇਸ ਤੋਂ ਇਲਾਵਾ, ਵਿਦਿਆਰਥੀ ਵੀਜ਼ਾ ਧਾਰਕ ਜੋ ਆਸਟ੍ਰੇਲੀਆ ਤੋਂ ਬਾਹਰ ਹਨ ਅਤੇ 19 ਜਨਵਰੀ 2022 ਤੋਂ 19 ਮਾਰਚ 2022 ਦੇ ਵਿਚਕਾਰ ਪਹੁੰਚਦੇ ਹਨ, ਉਹ ਆਪਣੀ VAC ਦੀ ਵਾਪਸੀ ਲਈ ਯੋਗ ਹੋਣਗੇ। VAC ਫੀਸ ਵਾਪਸੀ ਲਈ ਅਰਜ਼ੀ ਕਿਵੇਂ ਦੇਣੀ ਹੈ, ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ ਭੁਗਤਾਨ ਵਾਪਸ ਪ੍ਰਾਪਤ ਕਰਨਾ ਵੇਖੋ।

### ਫਾਰਮ 1545 COVID-19

ਸਿੱਖਿਆ ਪ੍ਰਦਾਨ ਕਰਨ ਵਾਲਿਆਂ ਨੂੰ ਇਸ ਗੱਲ ਤੋਂ ਸੰਤੁਸ਼ਟ ਹੋਣਾ ਚਾਹੀਦਾ ਹੈ, ਕਿ ਤੁਹਾਡੇ ਕੋਲ 1 ਫਰਵਰੀ 2020 ਨੂੰ ਜਾਂ ਬਾਅਦ ਵਿੱਚ ਵਿਦਿਆਰਥੀ ਵੀਜ਼ਾ ਸੀ, ਅਤੇ COVID-19 ਕਰਕੇ ਆਪਣੇ ਮੂਲ ਵੀਜ਼ਾ ਦੀ ਮਿਆਦ ਦੇ ਅੰਦਰ ਆਪਣਾ ਕੋਰਸ ਪੂਰਾ ਨਹੀਂ ਕਰ ਸਕੇ।

ਤੁਸੀਂ ਆਪਣੇ ਪੂਰੇ ਭਰੇ ਫਾਰਮ ਦੇ ਨਾਲ COVID-19 ਨਾਲ ਸਬੰਧਿਤ ਪ੍ਰਭਾਵਾਂ ਦੇ ਹੋਰ ਸਬੂਤ ਦੇ ਸਕਦੇ ਹੋ।

### ਵਾਧੂ ਜਾਣਕਾਰੀ ਦੇਣ ਵਾਸਤੇ ਸਮੇਂ ਦੀਆਂ ਲਚਕਦਾਰ ਮਿਆਦਾਂ – ਅੰਗਰੇਜ਼ੀ ਦੇ ਟੈਸਟ, ਬਾਇਓਮੈਟ੍ਰਿਕਸ ਅਤੇ ਸਿਹਤ ਸਬੰਧੀ

ਜੇ COVID-19 ਦੇ ਕਰਕੇ ਤੁਸੀਂ ਅੰਗਰੇਜ਼ੀ ਭਾਸ਼ਾ ਦੇ ਟੈਸਟ ਵਿੱਚ ਨਹੀਂ ਬੈਠ ਸਕੇ ਸੀ ਤਾਂ ਅਸੀਂ ਤੁਹਾਨੂੰ ਇਸ ਟੈਸਟ ਦੇ ਨਤੀਜੇ ਪ੍ਰਦਾਨ ਕਰਵਾਉਣ ਲਈ ਵਾਧੂ ਸਮਾਂ ਦਿੰਦੇ ਹਾਂ। ਜਿੱਥੇ COVID-19 ਨੇ ਸੇਵਾਵਾਂ ਤੱਕ ਪਹੁੰਚ ਵਿੱਚ ਵਿਘਨ ਪਾਇਆ ਹੈ, ਬਾਇਓਮੈਟ੍ਰਿਕਸ ਇਕੱਠਾ ਕਰਨ ਅਤੇ ਸਿਹਤ ਜਾਂਚਾਂ ਵਾਸਤੇ ਵੀ ਵਾਧੂ ਸਮਾਂ ਦਿੱਤਾ ਜਾਵੇਗਾ।

ਜਿੱਥੇ ਤੁਸੀਂ ਇਹਨਾਂ ਸੇਵਾਵਾਂ ਵਿੱਚੋਂ ਇਕ ਜਾਂ ਵਧੇਰੇ ਵਾਸਤੇ ਮੁਲਾਕਾਤ ਦਾ ਸਮਾਂ ਭਵਿੱਖ ਵਿੱਚ 28 ਦਿਨਾਂ ਤੋਂ ਵਧੇਰੇ ਦਾ ਤਹਿ ਕੀਤਾ ਹੈ, ਤੁਸੀਂ ਆਪਣੀ ਬੁਕਿੰਗ ਕਰਨ ਦੀ ਪੁਸ਼ਟੀ ਨੂੰ ImmiAccount ਵਿੱਚ ਜਾ ਕੇ ਨਾਲ ਲਗਾ ਸਕਦੇ ਹੋ।

ਕਿਰਪਾ ਕਰਕੇ ਵਿਭਾਗ ਨੂੰ ਸੂਚਿਤ ਕਰਨ ਲਈ ਜਾਣਕਾਰੀ ਮੰਗਣ ਵਾਸਤੇ ਆਈਆਂ ਬੇਨਤੀਆਂ ਦਾ ImmiAccount ਰਾਹੀਂ ਜਵਾਬ ਦਿਓ, ਕਿ ਜੇ ਤੁਹਾਨੂੰ ਵਾਧੂ ਸਮੇਂ ਦੀ ਲੋੜ ਹੈ ਜੇ ਤੁਹਾਨੂੰ ਇਸ ਦੀ ਲੋੜ ਪੈਂਦੀ ਹੈ।

## ਮੌਜੂਦਾ ਵੀਜ਼ਾ ਧਾਰਕ

### COVID-19 ਦੇ ਕਾਰਨ ਸ਼ੁਰੂ ਹੋਣ ਦੀਆਂ ਤਰੀਕਾਂ ਦੇ ਸਬੰਧ ਵਿੱਚ ਲਚਕਦਾਰ ਪ੍ਰਬੰਧ

ਵਿਭਾਗ ਸਮਝਦਾ ਹੈ ਕਿ COVID-19 ਪਾਬੰਦੀਆਂ ਕਾਰਨ ਕੁਝ ਵਿਦਿਆਰਥੀ ਸਮੇਂ ਸਿਰ ਆਪਣੀ ਪੜ੍ਹਾਈ ਦਾ ਕੋਰਸ ਸ਼ੁਰੂ ਕਰਨ ਦੇ ਯੋਗ ਨਹੀਂ ਹੋ ਸਕਦੇ। ਇਹ ਯਕੀਨੀ ਬਣਾਓ ਕਿ ਤੁਹਾਡਾ ਸਿੱਖਿਆ ਪ੍ਰਦਾਤਾ ਜਾਣਦਾ ਹੈ ਕਿ ਤੁਸੀਂ COVID-19 ਪਾਬੰਦੀਆਂ ਕਾਰਨ ਆਪਣੀ ਪੜ੍ਹਾਈ ਸ਼ੁਰੂ ਨਹੀਂ ਕਰ ਸਕਦੇ। ਇੱਥੇ ਵਿਕਲਪ ਹਨ ਜੋ ਇਹ ਯਕੀਨੀ ਬਣਾ ਸਕਦੇ ਹਨ ਕਿ ਤੁਸੀਂ ਆਪਣੇ ਵੀਜ਼ਾ ਦੀਆਂ ਸ਼ਰਤਾਂ ਦੀ ਉਲੰਘਣਾ ਨਹੀਂ ਕਰ ਰਹੇ ਹੋ। ਤੁਹਾਡਾ ਸਿੱਖਿਆ ਪ੍ਰਦਾਤਾ ਤੁਹਾਨੂੰ ਦੱਸ ਸਕਦਾ ਹੈ ਕਿ ਤੁਹਾਡੀ ਸਥਿਤੀ ਵਾਸਤੇ ਤੁਹਾਡੇ ਕੋਲ ਕਿਹੜੇ ਵਿਕਲਪ ਉਪਲਬਧ ਹਨ।

ਜੇ ਤੁਹਾਡੇ ਕੋਲ ਵਿਦਿਆਰਥੀ ਵੀਜ਼ਾ ਹੈ, ਤਾਂ ਜੇ ਤੁਸੀਂ COVID-19 ਪਾਬੰਦੀਆਂ ਕਾਰਨ ਯਾਤਰਾ ਨਹੀਂ ਕਰ ਸਕਦੇ ਤਾਂ ਆਪਣੇ ਸਿੱਖਿਆ ਪ੍ਰਦਾਤੇ ਨਾਲ ਸੰਪਰਕ ਕਰੋ। ਇਹ ਯਕੀਨੀ ਬਣਾਓ ਕਿ ਤੁਸੀਂ ਹਰ ਸਮੇਂ ਪੜ੍ਹਾਈ ਦੇ ਕਿਸੇ ਮਾਨਤਾ ਪ੍ਰਾਪਤ ਕੋਰਸ ਵਿੱਚ ਦਾਖਲ ਹੋ।

ਇਸ ਗੱਲੋਂ ਸੁਚੇਤ ਰਹੋ ਕਿ ਅਸੀਂ ਤੁਹਾਡੇ ਵੀਜ਼ੇ ਨੂੰ ਰੱਦ ਕਰ ਸਕਦੇ ਹਾਂ ਜੇਕਰ:

- ਸਮੇਂ ਸਿਰ ਪੜ੍ਹਾਈ ਸ਼ੁਰੂ ਕਰਨ ਵਿੱਚ ਅਸਫਲ ਰਹਿਣਾ ਜਾਂ
- ਤੁਹਾਡੇ ਕੋਲ ਦਾਖਲੇ ਦੀ ਵਰਤਮਾਨ ਜਾਂ ਸਰਗਰਮ ਪੁਸ਼ਟੀ (CoE) ਨਾ ਹੋਵੇ।

ਤੁਹਾਡਾ ਸਿੱਖਿਆ ਪ੍ਰਦਾਤਾ ਤੁਹਾਡੀ ਮਦਦ ਕਰਨ ਦੇ ਯੋਗ ਹੋਵੇਗਾ ਤਾਂ ਜੋ ਅਜਿਹਾ ਨਾ ਵਾਪਰੇ।

ਜੇ ਤੁਸੀਂ ਆਸਟ੍ਰੇਲੀਆ ਤੋਂ ਬਾਹਰ ਹੋ ਅਤੇ ਤੁਹਾਡੇ ਕੋਲ ਕੋਈ ਸਰਗਰਮ ਜਾਂ ਵਰਤਮਾਨ CoE ਨਹੀਂ ਹੈ, ਤਾਂ VEVO ਉਪਰੋਂ ਆਪਣੀ ਵੀਜ਼ਾ ਅਵਸਥਾ ਦੀ ਜਾਂਚ ਕਰੋ। ਕੋਈ ਵੀ ਯਾਤਰਾ ਦੀਆਂ ਯੋਜਨਾਵਾਂ ਬਣਾਉਣ ਤੋਂ ਪਹਿਲਾਂ ਅਜਿਹਾ ਕਰੋ ਇਹ ਯਕੀਨੀ ਬਨਾਉਣ ਲਈ ਕਿ ਤੁਹਾਡੀ ਵੀਜ਼ਾ ਸਥਿਤੀ ਵਿੱਚ ਕੋਈ ਤਬਦੀਲੀ ਨਹੀਂ ਹੋਈ ਹੈ।

ਵਧੇਰੇ ਜਾਣਕਾਰੀ ਵਾਸਤੇ ਵੇਖੋ ਤੁਹਾਡੀ ਪੜ੍ਹਾਈ ਦੀ ਸਥਿਤੀ ਬਦਲ ਗਈ ਹੈ।

## ਵਿਦਿਆਰਥੀ ਵੀਜ਼ਾ ਸ਼ਰਤਾਂ

ਜਿੱਥੇ COVID-19 ਦੀਆਂ ਪਾਬੰਦੀਆਂ ਨੇ ਵਿਦਿਆਰਥੀਆਂ ਨੂੰ ਵੀਜ਼ਾ ਸ਼ਰਤਾਂ ਨੂੰ ਪੂਰਾ ਕਰਨ ਤੋਂ ਰੋਕਿਆ ਹੈ, ਅਸੀਂ ਲਚਕਦਾਰ ਪਹੁੰਚ ਅਪਨਾ ਰਹੇ ਹਾਂ। ਤੁਸੀਂ ਵਿਦਿਆਰਥੀ ਵੀਜ਼ੇ ਦੀਆਂ ਸ਼ਰਤਾਂ ਦੀ ਉਲੰਘਣਾ ਨਹੀਂ ਕਰ ਰਹੇ ਹੋਵੋਗੇ, ਜੇਕਰ:

- ਤੁਹਾਡਾ ਕੋਰਸ ਮਨਜ਼ੂਰਸ਼ੁਦਾ ਤੌਰ ਤੇ ਮੁਲਤਵੀ ਹੈ
- ਤੁਸੀਂ ਔਨਲਾਈਨ ਪੜ੍ਹਾਈ ਕਰ ਰਹੇ ਹੋ।

ਵਰਤਮਾਨ ਕਾਰਜਬਲਾਂ ਦੀ ਕਮੀ ਦੇ ਕਾਰਨ, ਸਰਕਾਰ ਆਰਥਿਕਤਾ ਦੇ ਸਾਰੇ ਖੇਤਰਾਂ ਵਿੱਚ ਵਿਦਿਆਰਥੀ ਵੀਜ਼ਾ ਧਾਰਕਾਂ ਦੇ ਕੰਮ ਕਰਨ ਦੇ ਘੰਟਿਆਂ ਦੀ ਸੀਮਾ ਨੂੰ ਅਸਥਾਈ ਤੌਰ 'ਤੇ ਹਟਾ ਰਹੀ ਹੈ। ਵਧੇਰੇ ਜਾਣਕਾਰੀ ਵਾਸਤੇ ਵੇਖੋ ਵਿਦਿਆਰਥੀਆਂ ਅਤੇ ਕੰਮਕਾਜ਼ੀ ਛੁੱਟੀਆਂ ਮਨਾਉਣ ਵਾਲਿਆਂ ਵਾਸਤੇ ਵੀਜ਼ੇ ਦੀਆਂ ਕੰਮ ਦੀਆਂ ਸ਼ਰਤਾਂ ਵਿੱਚ ਅਸਥਾਈ ਤਬਦੀਲੀਆਂ। ਇਹ ਪੜ੍ਹਾਈ ਕਰ ਰਹੇ ਸਾਰੇ ਵਿਦਿਆਰਥੀਆਂ ਅਤੇ ਨਾਲ ਹੀ ਪਹੁੰਚਣ ਵਾਲੇ ਨਵੇਂ ਵਿਦਿਆਰਥੀਆਂ ਵਾਸਤੇ ਇਕ ਅਸਥਾਈ ਉਪਾਅ ਹੈ ਜੋ ਕੋਰਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਕਿਸੇ ਨੌਕਰੀ ਨੂੰ ਲੱਭਣ ਅਤੇ ਸ਼ੁਰੂ ਕਰਨ ਦੀ ਇੱਛਾ ਕਰ ਸਕਦੇ ਹਨ ਅਤੇ ਅਪ੍ਰੈਲ 2022 ਵਿੱਚ ਇਸ ਦੀ ਸਮੀਖਿਆ ਕੀਤੀ ਜਾਵੇਗੀ। ਇਸ ਵਿੱਚ ਸੈਕੰਡਰੀ ਬਿਨੈਕਾਰ ਵੀ ਸ਼ਾਮਲ ਹਨ।

ਵਧੇਰੇ ਜਾਣਕਾਰੀ ਲਈ ਅੰਤਰ-ਰਾਸ਼ਟਰੀ ਵਿਦਿਆਰਥੀਆਂ ਲਈ ਕੰਮ ਕਰਨ ਦੇ ਘੰਟਿਆਂ ਵਿੱਚ ਆਰਜ਼ੀ ਛੋਟਾਂ ਵੇਖੋ।

## ਵਿਦਿਆਰਥੀਆਂ ਲਈ ਵੀਜ਼ਾ ਅਰਜ਼ੀ ਫੀਸ ਦੀ ਵਾਪਸੀ

ਸਰਕਾਰ ਵਿਦਿਆਰਥੀ ਵੀਜ਼ਾ ਧਾਰਕਾਂ ਨੂੰ ਜਿੰਨੀ ਜਲਦੀ ਹੋ ਸਕੇ ਆਸਟ੍ਰੇਲੀਆ ਵਾਪਸ ਆਉਣ ਲਈ ਉਤਸ਼ਾਹ ਪ੍ਰਦਾਨ ਕਰ ਰਹੀ ਹੈ ਤਾਂ ਜੋ COVID-19 ਕਾਰਨ ਮੌਜੂਦਾ ਕਰਮਚਾਰੀਆਂ ਦੀ ਕਮੀ ਨੂੰ ਦੂਰ ਕਰਨ ਵਿੱਚ ਮਦਦ ਕੀਤੀ ਜਾ ਸਕੇ।

ਕੋਈ ਵੀ ਵਿਦਿਆਰਥੀ ਵੀਜ਼ਾ ਧਾਰਕ ਜੋ ਆਸਟ੍ਰੇਲੀਆ ਤੋਂ ਬਾਹਰ ਹੈ ਅਤੇ 19 ਜਨਵਰੀ 2022 ਤੋਂ 19 ਮਾਰਚ 2022 ਦੇ ਵਿਚਕਾਰ ਪਹੁੰਚਦਾ ਹੈ, ਉਹ ਆਪਣੀ ਵੀਜ਼ਾ ਅਰਜ਼ੀ ਫੀਸ (VAC) ਦੀ ਵਾਪਸੀ ਲਈ ਯੋਗ ਹੋਵੇਗਾ। ਫੀਸ ਵਾਪਸੀ ਲਈ ਤੁਸੀਂ 31 ਦਸੰਬਰ 2022 ਤੱਕ ਅਰਜ਼ੀ ਦੇ ਸਕੋਗੇ। VAC ਫੀਸ ਵਾਪਸੀ ਲਈ ਅਰਜ਼ੀ ਕਿਵੇਂ ਦੇਣੀ ਹੈ, ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ ਭੁਗਤਾਨ ਵਾਪਸ ਪ੍ਰਾਪਤ ਕਰਨਾ ਵੇਖੋ।

## ਸਾਨੂੰ ਕਦੋਂ ਸੂਚਿਤ ਕਰਨਾ ਹੈ

ਜੇਕਰ ਤੁਸੀਂ ਆਪਣੇ ਦੇਸ਼ ਵਾਪਸ ਜਾ ਰਹੇ ਹੋ ਜਾਂ ਜੇ ਤੁਹਾਡੀ ਪੜ੍ਹਾਈ ਦੇ ਹਾਲਾਤ ਬਦਲ ਗਏ ਹਨ, ਤੁਹਾਨੂੰ ਸਾਨੂੰ ਦੱਸਣ ਦੀ ਲੋੜ ਨਹੀਂ ਹੈ। ਤੁਹਾਡਾ ਵੀਜ਼ਾ ਉਦੋਂ ਤੱਕ ਵੈਧ ਰਹੇਗਾ ਜਦ ਤੱਕ ਤੁਸੀਂ ਦੂਸਰੇ ਵੀਜ਼ੇ ਲਈ ਅਰਜ਼ੀ ਜਮ੍ਹਾਂ ਨਹੀਂ ਕਰਵਾਉਂਦੇ ਹੋ, ਜਾਂ ਤੁਹਾਡਾ ਵੀਜ਼ਾ ਮੁੱਕ ਨਹੀਂ ਜਾਂਦਾ ਹੈ। ਜੇਕਰ ਤੁਸੀਂ ਆਪਣੇ ਦੇਸ਼ ਵਾਪਸ ਜਾਂਦੇ ਹੋ ਜਾਂ ਆਪਣੀ ਪੜ੍ਹਾਈ ਨੂੰ ਮੁਲਤਵੀ ਕਰਦੇ ਹੋ ਤੁਹਾਡੇ ਵੀਜ਼ੇ ਦਾ ਦਰਜਾ ਨਹੀਂ ਬਦਲੇਗਾ।

ਸਿੱਖਿਆ ਪ੍ਰਦਾਤਾ ਦਾਖਲੇ ਦਾ ਨਵੀਂ CoE ਜਾਰੀ ਕਰ ਸਕਦੇ ਹਨ ਅਤੇ ਵਿਦਿਆਰਥੀਆਂ ਨੂੰ ਔਨਲਾਈਨ ਪੜ੍ਹਨ ਲਈ ਦਾਖਲ ਕਰ ਸਕਦੇ ਹਨ। ਜੇ ਤੁਹਾਡੇ ਕੋਲ ਜਾਇਜ਼ ਵਿਦਿਆਰਥੀ ਵੀਜ਼ਾ ਹੈ, ਤਾਂ ਤੁਹਾਡਾ ਸਿੱਖਿਆ ਪ੍ਰਦਾਤਾ ਸਾਨੂੰ ਤੁਹਾਡੀ ਨਵੀਂ CoE ਪ੍ਰਦਾਨ ਕਰੇਗਾ।

ਜੇ ਤੁਹਾਡੀ ਵਿਦਿਆਰਥੀ ਵੀਜ਼ੇ ਦੀ ਅਰਜ਼ੀ ਖੁੱਲ੍ਹੀ ਹੋਈ ਹੈ, ਤਾਂ ਤੁਸੀਂ ImmiAccount ਵਿੱਚ ਆਪਣੀ ਨਵੀਂ CoE ਨੂੰ ਆਪਣੀ ਅਰਜ਼ੀ ਦੇ ਨਾਲ ਨੱਥੀ ਕਰ ਸਕਦੇ ਹੋ।

## ਵਧੇਰੇ ਜਾਣਕਾਰੀ

ਅੰਤਰ-ਰਾਸ਼ਟਰੀ ਵਿਦਿਆਰਥੀਆਂ ਵਾਸਤੇ ਜਾਣਕਾਰੀ ਕਈ ਸਾਰੇ ਸਰਕਾਰੀ ਅਦਾਰਿਆਂ ਕੋਲ ਉਪਲਬਧ ਹੈ, ਜਿੰਨ੍ਹਾਂ ਵਿੱਚ ਸ਼ਾਮਲ ਹਨ:

- ਤਾਜ਼ਾ ਖ਼ਬਰਾਂ, ਨਵੀਂ ਜਾਣਕਾਰੀ ਅਤੇ ਸਲਾਹ ਵਾਸਤੇ ਆਸਟ੍ਰੇਲੀਆ ਸਰਕਾਰ ਦੀ COVID-19।
- ਸਿੱਖਿਆ, ਹੁਨਰ ਅਤੇ ਰੁਜ਼ਗਾਰ ਦਾ ਵਿਭਾਗ ਅਤੇ ਈਮੇਲ international.students@dese.gov.au
- ਵਿਦੇਸ਼ੀ ਵਿਦਿਆਰਥੀਆਂ ਦੇ ਸਿਹਤ ਬੀਮੇ ਵਾਸਤੇ ਸਿਹਤ ਵਿਭਾਗ
- COVID-19 ਨਾਲ ਸਬੰਧਿਤ ਸ਼ਿਕਾਇਤਾਂ ਵਾਸਤੇ ਅੰਤਰ-ਰਾਸ਼ਟਰੀ ਵਿਦਿਆਰਥੀ ਲੋਕਪਾਲ
- ਸਹਾਇਤਾ ਸੇਵਾਵਾਂ ਬਾਰੇ ਜਾਣਕਾਰੀ ਵਾਸਤੇ ਸਟੱਡੀ ਆਸਟ੍ਰੇਲੀਆ।

## ਵਿੱਤੀ ਸਹਾਇਤਾ

ਜੇ ਤੁਸੀਂ ਆਸਟ੍ਰੇਲੀਆ ਵਿੱਚ ਪੜ੍ਹਾਈ ਕਰ ਰਹੇ ਹੋ ਅਤੇ ਕੰਮ ਕਰ ਰਹੇ ਹੋ, ਤਾਂ ਹੋ ਸਕਦਾ ਹੈ ਤੁਸੀਂ ਵਿੱਤੀ ਸਹਾਇਤਾ ਤੱਕ ਪਹੁੰਚ ਕਰਨ ਦੇ ਯੋਗ ਹੋਵੋ, ਜਦੋਂ ਤੁਹਾਨੂੰ:

- ਸਵੈ-ਅਲੱਗ ਰਹਿਣ ਦੀ ਲੋੜ ਹੈ ਜਾਂ COVID-19 ਵਾਲੇ ਕਿਸੇ ਵਿਅਕਤੀ ਦੀ ਦੇਖਭਾਲ ਕਰ ਰਹੇ ਹੋ (ਮਹਾਂਮਾਰੀ ਛੁੱਟੀ ਆਫ਼ਤ ਭੁਗਤਾਨ) ਜਾਂ
- ਰਾਜ ਦੇ ਜਨਤਕ ਸਿਹਤ ਆਦੇਸ਼ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਅਤੇ ਸੱਤ ਦਿਨਾਂ ਤੋਂ ਵੱਧ ਸਮੇਂ ਲਈ ਤਾਲਾਬੰਦੀ ਵਿੱਚ ਹੋ (COVID-19 ਆਫ਼ਤ ਭੁਗਤਾਨ)।

ਵਿੱਤੀ ਸਹਾਇਤਾ ਭੁਗਤਾਨਾਂ ਅਤੇ ਯੋਗਤਾ ਦੇ ਮਾਪਦੰਡਾਂ ਬਾਰੇ ਵਧੇਰੇ ਵਿਸਥਾਰਾਂ ਵਾਸਤੇ, ਸੈਂਟਰਲਿੰਕ ਭੁਗਤਾਨਾਂ ਅਤੇ ਸੇਵਾਵਾਂ ਨੂੰ ਵੇਖੋ।

## ਵਿਦਿਆਰਥੀ ਦੇ ਪਹੁੰਚਣ ਦੀਆਂ ਯੋਜਨਾਵਾਂ

ਜੇ ਤੁਹਾਡੇ ਕੋਲ ਵਿਦਿਆਰਥੀ ਵੀਜ਼ਾ ਹੈ ਅਤੇ ਤੁਸੀਂ ਅੰਤਰਰਾਸ਼ਟਰੀ ਯਾਤਰਾ ਦੇ ਮਕਸਦਾਂ ਵਾਸਤੇ ਪੂਰੀ ਤਰ੍ਹਾਂ ਟੀਕਾਕਰਨ ਕੀਤੀ ਆਸਟ੍ਰੇਲੀਆ ਦੀ ਪਰਿਭਾਸ਼ਾ ਦੀ ਪੂਰਤੀ ਨਹੀਂ ਕਰਦੇ, ਤਾਂ ਹੋ ਸਕਦਾ ਹੈ ਤੁਸੀਂ ਅੰਤਰਰਾਸ਼ਟਰੀ ਵਿਦਿਆਰਥੀ ਪਹੁੰਚਣ ਦੀ ਯੋਜਨਾ ਅਧੀਨ ਆਸਟ੍ਰੇਲੀਆ ਦੀ ਯਾਤਰਾ ਕਰਨ ਦੇ ਯੋਗ ਹੋਵੋ। ਵਧੇਰੇ ਜਾਣਕਾਰੀ ਵਾਸਤੇ ਵੇਖੋ ਵਿਦਿਆਰਥੀ ਵੀਜ਼ੇ।

## ਅਸਥਾਈ ਗ੍ਰੈਜੂਏਟ ਵੀਜ਼ਾ ਵਟਾਂਦਰੇ ਅਤੇ ਮਿਆਦ ਵਿੱਚ ਵਾਧੇ

ਜੇ ਤੁਹਾਡੇ ਕੋਲ ਅਸਥਾਈ ਗਰੈਜੂਏਟ ਵੀਜ਼ਾ ਹੈ, ਤਾਂ ਹੋ ਸਕਦਾ ਹੈ ਕਿ ਤੁਸੀਂ ਬਦਲਵੇਂ ਵੀਜ਼ੇ ਜਾਂ ਵੀਜ਼ੇ ਦੀ ਵਧੀ ਹੋਈ ਮਿਆਦ ਵਾਸਤੇ ਯੋਗ ਹੋਵੋ। ਵਧੇਰੇ ਜਾਣਕਾਰੀ ਲਈ ਅਸਥਾਈ ਗ੍ਰੈਜੂਏਟ ਵੀਜ਼ਾ ਵੇਖੋ।